2024/06611
23/8/2024

# ਦਫਤਰ ਸਿਵਲ ਸਰਜਨ, ਬਠਿੰਡਾ

Email:civilsurgeon.btd@punjab.gov.in Ph.0164-2212501 Helpline: 70870-86291

ਨੰ: ਆਈ.ਡੀ.ਐਸ..ਪੀ./24/369 ਮਿਤੀ 21-08-2024

ਵੱਲ

ਜਿਲ੍ਹਾ ਸਿਖਿਆ ਅਫਸਰ (ਪ੍ਰਾਇਮਰੀ ਅਤੇ ਸੰਕੈਡਰੀ)
ਜਿਲ੍ਹਾ ਬਠਿੰਡਾ।

ਵਿਸ਼ਾ :- **ਐਚ.ਐਫ.ਐਮ.ਡੀ. ਬਿਮਾਰੀ ਦੀ ਰੋਕਥਾਮ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਬਾਰਿਸ਼ਾਂ ਦੇ ਸੀਜਨ ਨੂੰ ਧਿਆਨ ਵਿੱਚ ਰੱਖਦੇ ਹੋਏ ਬੱਚਿਆਂ ਵਿੱਚ ਮੂੰਹ ਅਤੇ ਹੱਥ ਦੀ ਬਿਮਾਰੀ ਹੋਣ ਦਾ ਖਤਰ੍ਹਾ ਬਣਿਆਂ ਰਹਿੰਦਾ ਹੈ। ਇਸ ਲਈ ਆਪ ਆਪਣੇ ਅਧੀਨ ਆਉਂਦੇ ਸਮੂਹ ਸਰਕਾਰੀ ਅਤੇ ਪ੍ਰਾਇਵੇਟ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਨਾਲ ਨੱਥੀ ਗਾਇਡ ਲਾਇਨ ਅਨੁਸਾਰ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਇਸ ਬਿਮਾਰੀ ਤੋਂ ਬਚਿਆ ਜਾ ਸਕੇ ।

ਜਿਲ੍ਹਾ ਸਿਹਤ ਅਫਸਰ,
ਦਫਤਰ ਸਿਵਲ ਸਰਜਨ ਬਠਿੰਡਾ।

ਦੂਜਾ ਪੰਨਾ - 2

# ਦਫਤਰ ਸਿਵਲ ਸਰਜਨ,ਬਠਿੰਡਾ

Email: civilsurgeon.btd@punjab.gov.in Ph 0164-2212501 Helpline: 70870 86291

## ਐਚ.ਐਫ.ਐਮ.ਡੀ. ਦੇ ਸਬੰਧੀ ਗਾਇਡ ਲਾਇਨਜ

ਸਕੂਲਾਂ ਵਿੱਚ ਸਵੇਰੇ ਪ੍ਰਾਥਨਾ ਸਮੇਂ ਸਕੂਲ ਵਿੱਚ ਆਏ ਸਾਰੇ ਬੱਚਿਆਂ ਦੀ ਸਕਰਿਨਿੰਗ ਕੀਤੀ ਜਾਵੇ ਜਿਸ ਵਿੱਚ ਧਿਆਨ ਵਿੱਚ ਰੱਖਿਆ ਜਾਵੇ ਕਿ ਜੇਕਰ ਬੱਚਿਆਂ ਵਿੱਚ ਹੇਠ ਲਿਖੇ ਅਨੁਸਾਰ ਲੱਛਣ ਦਿਖਾਈ ਦਿੰਦੇ ਹਨ ਤਾਂ ਬੱਚੀਆਂ ਨੂੰ 10 ਦਿਨਾਂ ਤੱਕ ਘਰ ਵਿੱਚ ਇਕਾਂਤਵਾਸ ਰਹਿਣ ਲਈ ਕਿਹਾ ਜਾਵੇ। 10 ਦਿਨਾਂ ਬਆਦ ਬੱਚਿਆਂ ਦੇ ਮਾਹਿਰ ਡਾਕਟਰ ਤੋਂ ਇਸ ਬਿਮਾਰੀ ਦੇ ਠੀਕ ਹੋਣ ਬਾਰੇ ਸਾਰਟੀਫਿਕੇਟ ਲੈਤਾ ਜਾਵੇ ਅਤੇ ਪ੍ਰਭਾਵਿਤ ਮਰੀਜਾਂ ਤੋਂ ਦੂਰੀ ਬਣਾਕੇ ਰੱਖੀ ਜਾਵੇ:-

ਲੱਛਣ :-

1) ਬੁਖਾਰ ਹੋਣਾ, ਮੂਹ ਵਿੱਚ ਛਾਲੇ ਹੋਣਾ
2) ਪੈਰਾ ਦੀਆਂ ਤਲੀਆਂ ਅਤੇ ਹੱਥਾ ਦੀਆਂ ਹਥੇਲੀਆਂ ਵਿੱਚ ਛਾਲੇ ਹੋਣਾ।

ਬਚਾਓ :-

1) ਪ੍ਰਭਾਵਿਤ ਮਰੀਜਾਂ ਤੋਂ ਦੂਰੀ ਬਣਾਕੇ ਰੱਖੀ ਜਾਵੇ ਅਤੇ ਨੇੜਲੇ ਸੰਪਰਕ ਤੋਂ ਬਚਿਆ ਜਾਵੇ।
2) ਨਿਜੀ ਸਾਫ-ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ
3) ਹੈਡ-ਵਾਸਿੰਗ :- ਖਾਣਾ ਖਾਣ ਤੋਂ ਪਹਿਲਾਂ ਸਾਬਣ ਨਾਲ ਚੰਗੀ ਤਰ੍ਹਾਂ ਚਲਦੇ ਪਾਣੀ ਵਿੱਚ ਘੱਟੋ ਘੱਟ 20 ਸਕਿੰਟਾਂ ਲਈ ਹੱਥ ਧੋਣਾ ਯਕੀਨੀ ਬਣਾਇਆ ਜਾਵੇ।
4) ਹੇਠਾਂ ਦਰਸਾਏ ਅਨੁਸਾਰ ਹੱਥ ਧੋਣ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨਾ ਬੱਚਿਆ ਨੂੰ ਸਿਖਾਇਆ ਜਾਵੇ:




ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ :ਜੀ-1/1 ( )2024/ 10123 ਮਿਤੀ: 23/08/2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।